# KHALSA PRIMARY SCHOOL

Headteacher: Ms P. K. Sehmi

Volume 7 Issue 3

## Week beginning: 21 September 2015

### After School Clubs

Clubs will start this week. **We have a few spaces left in Year 2, 3 and 5.** Please see details of clubs below. Please note that all clubs will run throughout the whole year - this totals to 37 weeks. To register your child for a club please see Mrs A Kaur in the school office. **Club spaces are allocated on a first come first serve basis and your child will only be secured a place if full term payment is given when putting your child's name down. No place will be allocated without payment for the term. Please note that if payment for each term is not paid at the beginning of the term, your child will not be able to continue attending the club.**

| Club | Year group | Day | Spaces | Duration | Time | Cost |
|---|---|---|---|---|---|---|
| Sports | 2, 3, 4, 5 & 6 | Monday - Yr 6<br>Wednesday - Yr 2<br>Thursday - Yr 3<br>Friday - Yr 4 & 5 | 10<br>8<br>3<br>Full | 37 weeks | 3.30pm - 4.15pm | **£185 per year** (£5/session)<br>***3 instalment option:***<br>***Autumn Term - £60,***<br>***Spring Term - £55***<br>***Summer Term - £70*** |
| K Kwon Do | All year groups | Tuesday | Open | Term time | 3.30pm - 4.30pm | Please contact Bushra Khosla on 07843 053 076 or see her at school on Tuesdays |

### Meetings for parents

Thank you to those parents who attended the parents' meetings last week. We hope you found the meeting and the information pack useful. The documentation will be on the schools website for parents to download.

### Reception Parents' Meetings

Reception teachers have organised two meetings for reception parents, on Phonics and Numeracy. It is essential that **all** parents attend these meetings. Please see below dates for the meetings:

**Phonics Meeting: Wednesday 23rd September 2015 @ 9am**
**Numeracy Meeting: Wednesday 30th September 2015 @ 9am**

### Coffee Morning

Shifalli Panesar, Employability Advisor from ATN will be here to speak to parents 9am in the small hall. Please make every effort to attend.

### School Office & Gate timings

Please note the school gate timings:

**Morning - 8.20am - 8.50am**
**Afternoon - 3.10pm - 3.40pm**

Parents/carers are welcome to wait in the courtyard. Parents should not come into the office area to wait for the start of school. The office will be open from 8.30am if parents need to see office staff.

There is a table with envelopes for parents to pay for school lunch by the main door.

### Mobile phones




We would like to remind parents and carers not to use their mobiles on school grounds.

### School Uniform



Parents are reminded that their children should wear the **correct** school uniform everyday. All jumpers and cardigans must have a school logo. Black school shoes should be worn **(no trainers/football shoes are allowed – unless during sports activities, for which they need to change in and out of at school).**

If your child comes to school without wearing the correct school uniform, you will be contacted to bring the correct clothing into school. We will be continue to monitor all children **very** carefully.

### Thought of the week

**"Ask, and it will be given to you; search, and you will find; knock, and the door will be opened for you."**
***Jesus Christ***

### ATTENDANCE

Well done to **Guru Nanak Dev Ji Class** for achieving best attendance for week ending **18/09/2015.**

### Dates for your diary




| Date | Event |
|---|---|
| **Wednesday 23rd September** | **Phonics meeting for Reception parents** |
| **Wednesday 23rd September** | **Coffee Morning @ 9am** |
| **Friday 25th September** | **Yr 6 - Guru Gobind Singh Ji - Mrs Sidhu's Class Assembly** |
| Wednesday 30th September | Numeracy meeting for Reception parents |
| Friday 2nd October | Yr 6 - Guru Tegh Bahadur Sahib Ji - Mrs Jatana's Class Assembly |
| Monday 5th October | Individual & Sibling School Photographs |
| Friday 9th October | Yr 5 - Guru HarKrishan Sahib Ji - Miss Badhan's Class Assembly |
| Friday 16th October | Yr 5 - Guru Har Rai Sahib Ji - Mr Wells's Class Assembly |
| Wednesday 14th October | "Open day" for Nursery & Reception NEW admissions 2015/16 |
| Tuesday 20th October | Class Photographs |
| Wednesday 21st October | Coffee Morning |
| Monday 26th October - Friday 30th October | Half Term |

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਊਮ ੭,
ਇਸ਼ੂ ੩

## ਹਫ਼ਤੇ ਦਾ ਅਰੰਭ: ੨੧ ਸਿਤੰਬਰ ੨੦੧੫

### ਸਕੂਲ ਬਾਅਦ ਦੇ ਕੱਲਬ

ਸਕੂਲ ਬਾਅਦ ਦੇ ਕੱਲਬ ਇਸ ਹਫ਼ਤੇ ਤੋਂ ਸ਼ੁਰੂ ਹੋਣਗੇ।ਸਾਡੇ ਕੋਲ 2,3 ਅਤੇ 4 ਜਮਾਤਾਂ ਵਿਚ ਕੁਝ ਥਾਵਾਂ ਖਾਲੀ ਹਨ।ਕਿਰਪਾ ਕਰਕੇ ਇਸ ਅਕਾਦਮਿਕ ਸਾਲ ਵਿਚ ਚਲਣ ਵਾਲੇ ਕਲੱਬਾਂ ਦੇ ਬਾਰੇ ਵਿਚ ਵਿਸਤਾਰ ਵਿਚ ਹੇਠਾਂ ਵੇਖਣਾ ਜੀ।ਕਿਰਪਾ ਕਰਕੇ ਨੋਟ ਕਰਨਾ ਕਿ ਸਾਰੇ ਕਲੱਬ ਸਾਰਾ ਸਾਲ ਚਲਣਗੇ।ਇਹ ਕੁਲ 37 ਹਫ਼ਤੇ ਬਣਦੇ ਹਨ। ਕਲੱਬ ਵਿਚ ਰਜਿਸਟਰੇਸ਼ਨ ਕਰਵਾਉਣ ਬਾਰੇ ਕਿਰਪਾ ਕਰਕੇ ਸਕੂਲ ਦਫ਼ਤਰ ਵਿਚ ਮਿਸਿਜ਼ ਕੌਰ ਨੂੰ **ਸ਼ੁਕਰਵਾਰ 19 ਸਿਤੰਬਰ** ਤੱਕ ਮਿਲਣਾ ਜੀ।ਕਲੱਬਾਂ ਵਿਚ ਥਾਵਾਂ **ਪਹਿਲਾਂ ਆਓ, ਪਹਿਲਾਂ ਪਾਓ** ਦੇ ਆਧਾਰ ਤੇ ਦਿੱਤੀਆਂ ਜਾਣਗੀਆਂ ਅਤੇ ਆਪ ਜੀ ਦੇ ਬੱਚੇ ਲਈ ਥਾਂ ਉਦੋਂ ਹੀ ਪੱਕੀ ਹੋਵੇਗੀ ਜਦੋਂ ਉਸਦੇ ਲਈ ਪੂਰੀ ਟਰਮ ਦੀ **ਪੂਰੀ ਰਕਮ ਦੀ ਅਦਾਇਗੀ** ਕਰ ਦਿੱਤੀ ਜਾਵੇਗੀ।ਪੂਰੀ ਰਕਮ ਦੀ ਅਦਾਇਗੀ ਤੋਂ ਬਿਨਾਂ ਕਿਸੇ ਬੱਚੇ ਨੂੰ ਥਾਂ ਨਹੀਂ ਦਿੱਤੀ ਜਾਵੇਗੀ।ਕਿਰਪਾ ਕਰਕੇ ਨੋਟ ਕਰਨਾ ਕਿ ਜੇਕਰ ਹਰ ਟਰਮ ਦੇ ਅਰੰਭ ਵਿਚ ਪੂਰੀ ਟਰਮ ਦੀ ਪੂਰੀ ਰਕਮ ਦੀ ਅਦਾਇਗੀ ਨਾ ਕੀਤੀ ਗਈ ਤਾਂ ਤੁਹਾਡੇ ਬੱਚੇ ਨੂੰ ਲਗਾਤਾਰ ਕਲੱਬ ਵਿਚ ਨਹੀਂ ਆਉਣ ਦਿੱਤਾ ਜਾਵੇਗਾ।

| ਕੱਲਬ | ਸਾਲ | ਦਿਨ | ਥਾਵਾਂ | ਵਕਫ਼ਾ | ਸਮਾਂ | ਰਕਮ |
|---|---|---|---|---|---|---|
| ਖੇਡਾਂ | ੨,੩,੪,੫ ਅਤੇ ੬ | ਸੋਮਵਾਰ- ੬ਵੀ<br>ਬੁੱਧਵਾਰ ੨ਜੀ<br>ਵੀਰਵਾਰ ਤੀਜੀ<br>ਸ਼ੁਕਰਵਾਰ ੪ਥੀ ਅਤੇ ਪਜਵੀਂ | ੧੦<br>੮<br>੩<br>ਫੁੱਲ | ੩੭ ਹਫ਼ਤੇ | ੩.੩੦-੪.੧੫ | £੧੮੫/ਪ੍ਰਤੀ ਸਾਲ (£੫/ਪ੍ਰਤੀ ਸੈਸ਼ਨ ੩ ਕਿਸਤਾਂ ਵਿਚ ਚੋਣ:<br>ਪਤਝੜ ਟਰਮ-£੬੦<br>ਬਹਾਰ ਦੀ ਟਰਮ-£੫੫<br>ਗਰਮੀਆਂ ਦੀ ਟਰਮ-£੭੦ |
| ਕਵਾਂਡੋ | ਸਾਰੀਆਂ ਜਮਾਤਾਂ | ਮੰਗਲਵਾਰ | | ਟਰਮ ਦੇ ਸਮੇਂ | ੩.੩੦-੪.੧੫ | ਕਿਰਪਾ ਕਰਕੇ ਬੁਸ਼ਰਾ ਖੋਸਲਾ ਨਾਲ ੦੭੮੪੩੦੫੩੦੭੬ ਉੱਤੇ ਸੰਪਰਕ ਕਰਨਾ ਜਾਂ ਉਨ੍ਹਾਂ ਨੂੰ ਸਕੂਲ ਵਿਚ ਮੰਗਲਵਾਰ ਨੂੰ ਮਿਲਣਾ ਜੀ |

### ਮਾਪਿਆਂ ਦੀਆਂ ਮੁਲਾਕਾਤਾਂ

ਪਿਛਲੇ ਹਫ਼ਤੇ ਬੱਚਿਆਂ ਦੇ ਮਾਪਿਆਂ ਦੀਆਂ ਮੁਲਾਕਾਤਾਂ ਵਿਚ ਜਿਹੜੇ ਮਾਪੇ ਆਏ ਅਸੀਂ ਉਨ੍ਹਾਂ ਦੇ ਧਨਵਾਦੀ ਹਾਂ।ਅਸੀਂ ਉਮੀਦ ਕਰਦੇ ਹਾਂ ਕਿ ਇਹ ਮੁਲਾਕਾਤ ਅਤੇ ਇਸ ਵਿਚ ਮਿਲਿਆ ਪੈਕ ਆਪ ਜੀ ਲਈ ਲਾਭਦਾਇਕ ਰਿਹਾ।ਕਿਰਪਾ ਕਰਕੇ ਨੋਟ ਕਰਨਾ ਕਿ ਸਾਰੀ ਕਾਗਜ਼ੀ ਕਾਰਵਾਈ ਮਾਪਿਆਂ ਦੇ ਡਾਊਨਲੋਡ ਕਰਨ ਲਈ ਸਕੂਲ ਵੈਬਸਾਈਟ ਉੱਤੇ ਹੋਵੇਗੀ।

### ਰਿਸੈਪਸ਼ਨ ਦੇ ਮਾਪਿਆਂ ਦੀਆਂ ਮੁਲਾਕਾਤਾਂ

ਰਿਸੈਪਸ਼ਨ ਦੇ ਬੱਚਿਆਂ ਦੇ ਮਾਪਿਆਂ ਦੀਆਂ ਲਿਟਰੇਸੀ ਅਤੇ ਨਿਊਮਰੇਸੀ (ਗਣਿਤ) ਬਾਰੇ ਦੋ ਮੁਲਾਕਾਤਾਂ ਰਿਸੈਪਸ਼ਨ ਜਮਾਤਾਂ ਦੇ ਅਧਿਆਪਕਾਂ ਨੇ ਰਖੀਆਂ ਹਨ।ਸਾਰੇ ਮਾਪਿਆਂ ਲਈ ਇਨ੍ਹਾਂ ਮੁਲਾਕਾਤਾਂ ਵਿਚ ਸ਼ਾਮਿਲ ਹੋਣਾ ਲਾਜ਼ਮੀ ਹੈ।ਕਿਰਪਾ ਕਰਕੇ ਮੁਲਾਕਾਤਾਂ ਦਾ ਸਮਾਂ ਨੋਟ ਕਰਨਾ ਜੀ:

**ਧੁਨੀ ਵਿਗਿਆਨ ਦੀ ਮੁਲਾਕਾਤ: ਬੁੱਧਵਾਰ ੨੩ ਸਿਤੰਬਰ ੨੦੧੫ ਨੂੰ ਸਵੇਰੇ ੯ ਵਜੇ**
**ਗਣਿਤ ਦੀ ਮੁਲਾਕਾਤ: ਬੁੱਧਵਾਰ ੩੦ ਸਿਤੰਬਰ ੨੦੧੫ ਨੂੰ ਸਵੇਰੇ ੯ ਵਜੇ**

### ਸਕੂਲ ਦਫ਼ਤਰ ਅਤੇ ਗੇਟ ਦਾ ਸਮਾਂ

ਕਿਰਪਾ ਕਰਕੇ ਸਕੂਲ ਗੇਟ ਦਾ ਸਮਾਂ ਨੋਟ ਕਰਨਾ ਜੀ:

**ਸਵੇਰੇ ੮.੨੦-੮.੫੦**
**ਦੁਪਿਹਰੇ ੩.੧੦-੩.੪੦**

ਜਿਹੜੇ ਮਾਪੇ ਬਾਹਰ ਵਿਹੜੇ ਵਿਚ ਉਡੀਕ ਕਰਨਾ ਚਾਹੁਣ ਉਨ੍ਹਾਂ ਦਾ ਸਵਾਗਤ ਹੈ ਜੀ ।ਮਾਪਿਆਂ ਨੂੰ ਸਕੂਲ ਦਫ਼ਤਰ ਵਿਚ ਸਕੂਲ ਅਰੰਭ ਹੋਣ ਦੀ ਉਡੀਕ ਵਿਚ ਨਹੀਂ ਆਉਣਾ ਚਾਹੀਦਾ।ਜੇਕਰ ਮਾਪਿਆਂ ਨੇ ਦਫ਼ਤਰ ਵਿਚ ਕਿਸੇ ਨਾਲ ਕੋਈ ਗੱਲ ਕਰਨੀ ਹੋਵੇ ਤਾਂ ਉਨ੍ਹਾਂ ਲਈ ਦਫ਼ਤਰ ਸਵੇਰੇ ੮.੩੦ ਤੇ ਖੁਲ੍ਹੇਗਾ। ਇਥੇ ਹੀ ਮਾਪਿਆਂ ਲਈ ਲਿਫ਼ਾਫ਼ਿਆਂ ਸਮੇਤ ਇਕ ਮੇਜ਼ ਪਿਆ ਹੈ, ਜਿਸ ਉੱਤੇ ਮਾਪੇ ਸਕੂਲ ਦੇ ਭੋਜਨ ਦਾ ਧਨ ਜਮ੍ਹਾਂ ਕਰਵਾ ਸਕਦੇ ਹਨ , ਜੋ ਕਿ ਮੁੱਖ ਦਰਵਾਜ਼ੇ ਦੇ ਨਾਲ ਹੀ ਹੈ।

### ਮੋਬਾਈਲ ਫੋਨ

ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਉਹ ਸਕੂਲ ਦੇ ਅਹਾਤੇ ਵਿਚ ਮੋਬਾਈਲ ਫੋਨ ਦੀ ਵਰਤੋਂ ਨਾ ਕਰਨ।




### ਸਕੂਲੀ ਵਰਦੀ

ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਉਹ ਬੱਚਿਆਂ ਨੂੰ ਹਰ ਰੋਜ਼ ਪੂਰੀ ਅਤੇ ਠੀਕ ਵਰਦੀ ਪਹਿਨਾ ਕੇ ਸਕੂਲ ਭੇਜਿਆ ਕਰਨ।ਕਿਰਪਾ ਕਰਕੇ ਇਹ ਯਕੀਨੀ ਬਣਾਉਣਾ।ਸਾਰੇ ਸਕੂਲੀ ਜੰਪਰਾਂ ਅਤੇ ਕਾਰਡੀਗਨਾਂ ਉੱਤੇ ਸਕੂਲ ਦਾ ਲੋਗੋ ਲਾਜ਼ਮੀ ਹੈ।ਕੇਵਲ ਕਾਲੇ ਸਕੂਲੀ ਬੂਟ ਪਹਿਨਣ ਦੀ ਹੀ ਇਜਾਜ਼ਤ ਹੈ ( ਟਰੇਨਰ/ਫੁਟਬਾਲ ਵਾਲੇ ਜੁੱਤੇ ਕੇਵਲ ਖੇਡ ਕਿਰਿਆਵਾਂ ਦੌਰਾਨ ਹੀ ਪਹਿਨੇ ਜਾ ਸਕਦੇ ਹਨ-ਪਹਿਲਾਂ ਅਤੇ ਬਾਅਦ ਵਿਚ ਇਨ੍ਹਾਂ ਨੂੰ ਸਕੂਲ ਵਿਚ ਹੀ ਬਦਲਣਾ ਲਾਜ਼ਮੀ ਹੈ)।



ਜੇਕਰ ਆਪ ਜੀ ਦਾ ਬੱਚਾ ਪੂਰੀ ਸਕੂਲੀ ਵਰਦੀ ਤੋਂ ਬਿਨਾਂ ਸਕੂਲ ਵਿਚ ਆਉਂਦਾ ਹੈ ਤਾਂ ਆਪ ਜੀ ਨੂੰ ਉਸਦੀ ਪੂਰੀ ਸਕੂਲੀ ਵਰਦੀ ਲਿਆਉਣ ਲਈ ਸੰਪਰਕ ਕੀਤਾ ਜਾਵੇਗਾ ।ਅਸੀਂ ਬੜੇ <u>ਧਿਆਨ ਨਾਲ</u> ਹਰ ਬੱਚੇ ਉੱਤੇ ਨਿਗਾਹ ਰਖਾਂਗੇ।

### ਇਸ ਹਫ਼ਤੇ ਦਾ ਵਿਚਾਰ

"ਮੰਗੋ ਅਤੇ ਤੁਹਾਨੂੰ ਦਿੱਤਾ ਜਾਵੇਗਾ,ਲੱਭੋ ਉਤੇ ਤੁਹਾਨੂੰ ਮਿਲ ਜਾਵੇਗਾ; ਖੜਕਾਓ ਅਤੇ ਦਰਵਾਜ਼ਾ ਤੁਹਾਡੇ ਲਈ ਖੋਲ ਦਿੱਤਾ ਜਾਵੇਗਾ।"

ਜੀਸਸ ਕਰਾਈਸਟ

### ਹਾਜ਼ਰੀ

੧੮/੦੯/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਨਾਨਕ ਦੇਵ ਜੀ ਜਮਾਤ** ਨੂੰ ਸ਼ਾਬਾਸ਼ ਹੇ।

### ਤਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| **ਬੁੱਧਵਾਰ ੨੩ ਸਿਤੰਬਰ** | **ਰਿਸੈਪਸ਼ਨ ਦੇ ਬੱਚਿਆਂ ਦੇ ਮਾਪਿਆਂ ਲਈ ਧੁਨੀ ਗਆਨ ਬਾਰੇ ਮੁਲਾਕਾਤ** |
| **ਬੁੱਧਵਾਰ ੨੩ ਸਿਤੰਬਰ** | **ਕਾਫੀ ਸਵੇਰ ੯ ਵਜੇ** |
| **ਸ਼ੁਕਰਵਾਰ ੨੫ ਸਿਤੰਬਰ** | **੬ਵੀਂ -ਗੁਰੂ ਗੋਬਿੰਦ ਸਿੰਘ ਜੀ ਜਮਾਤ-ਮਿਸਿਜ਼ ਸਿੱਧੂ ਦੀ ਜਮਾਤ ਦੀ ਜਮਾਤੀ ਸਭਾ** |
| ਸ਼ੁਕਰਵਾਰ ੨ ਅਕਤੂਬਰ | ੬ਵੀਂ -ਗੁਰੂ ਤੇਗ਼ ਬਹਾਦਰ ਜੀ ਜਮਾਤ-ਮਿਸਿਜ਼ ਜਟਾਨਾ ਦੀ ਜਮਾਤ ਦੀ ਜਮਾਤੀ ਸਭਾ |
| ਬੁੱਧਵਾਰ ੩੦ ਸਿਤੰਬਰ | ਰਿਸੈਪਸ਼ਨ ਦੇ ਬੱਚਿਆਂ ਦੇ ਮਾਪਿਆਂ ਲਈ ਗਣਿਤ ਬਾਰੇ ਮੁਲਾਕਾਤ |
| ਸੋਮਵਾਰ ੫ ਅਕਤੂਬਰ | ਇਕਲਿਆਂ ਅਤੇ ਭੈਣਾਂ ਭਰਾਵਾਂ ਦੀਆਂ ਇਕਠੀਆਂ ਤਸਵੀਰਾਂ |
| ਸ਼ੁਕਰਵਾਰ ੯ ਅਕਤੂਬਰ | ੫ਵੀਂ -ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜਮਾਤ- ਮਿਸ ਬੰਧਣ ਦੀ ਜਮਾਤ ਦੀ ਜਮਾਤੀ ਸਭਾ |
| ਸ਼ੁਕਰਵਾਰ ੧੬ ਅਕਤੂਬਰ | ੫ਵੀਂ -ਗੁਰੂ ਹਰਿ ਰਾਏ ਸਾਹਿਬ ਜੀ ਜਮਾਤ- ਮਿਸਟਰ ਵੈੱਲ ਦੀ ਜਮਾਤ ਦੀ ਜਮਾਤੀ ਸਭਾ |
| ਬੁੱਧਵਾਰ ੧੪ ਅਕਤੂਬਰ | ਨਵੇਂ ਸਾਲ ੨੦੧੫/੨੦੧੬ ਲਈ ਨਰਸਰੀ ਅਤੇ ਰਿਸੈਪਸ਼ਨ ਲਈ "ਖੁਲ੍ਹਾ ਦਿਨ" |
| ਮੰਗਲਵਾਰ ੨੦ ਅਕਤੂਬਰ | ਜਮਾਤੀ ਤਸਵੀਰਾਂ |
| ਬੁੱਧਵਾਰ ੨੧ ਅਕਤੂਬਰ | ਕਾਫੀ ਸਵੇਰ |
| ਸੋਮਵਾਰ ੨੬ ਅਕਤੂਬਰ-ਸ਼ੁਕਰਵਾਰ ੩੦ ਅਕਤੂਬਰ | ਹਾਫ ਟਰਮ |

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk